## ਨਮੂਨਾ ਪ੍ਰਸ਼ਨ-ਪੱਤਰ (ਟਰਮ-1 ਪਰੀਖਿਆ) ਦਸੰਬਰ, 2021

## ਪੇਪਰ - ਪੰਜਾਬੀ ਬੀ

**ਸਮਾਂ : 90 ਮਿੰਟ** **ਕੁੱਲ ਅੰਕ : 30**

- **ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।**
- **ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।**
- **ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।**

**ਭਾਗ (ੳ)**

- **ਸਿਰਜਣਾਤਮਿਕ ਭਾਗ (1 ਤੋਂ 16)** **16×1=16**
- **ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।**

ਸਾਇੰਸ ਨੇ ਜਿਥੇ ਮਨੁੱਖ ਨੂੰ ਬਹੁਤ ਕੁੱਝ ਅਰਾਮ ਅਤੇ ਸਹੂਲਤਾਂ ਦਿੱਤੀਆਂ ਹਨ,ਉਥੇ ਪ੍ਰਕਿਰਤੀ ਦਾ ਸ਼ੋਸ਼ਣ ਕਰਕੇ ਮਨੁੱਖੀ ਵਾਤਾਵਰਣ ਨੂੰ ਜਿਹੜਾ ਨੁਕਸਾਨ ਪਹੁੰਚਾਇਆ ਹੈ, ਉਹ ਮਨੁੱਖ ਨੂੰ ਮਿਲਣ ਵਾਲੀਆਂ ਸਹੂਲਤਾਂ ਤੋਂ ਕਿਤੇ ਵੱਧ ਹੈ। 20ਵੀਂ ਅਤੇ 21ਵੀਂ ਸਦੀ ਵਿਚ ਕੋਲੇ, ਪੈਟਰੋਲ ਅਤੇ ਡੀਜ਼ਲ ਨਾਲ ਚੱਲਣ ਵਾਲੀਆਂ ਮਸ਼ੀਨਾਂ, ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦਾ ਇਸਤੇਮਾਲ, ਫੈਕਟਰੀਆਂ ਤੇ ਗੱਡੀਆਂ ਦਾ ਧੂੰਆਂ ਅਤੇ ਪਾਣੀ ਵਿਚ ਘੁਲਦੇ ਰਸਾਇਣਕਾਂ ਨੇ ਮਨੁੱਖੀ ਜੀਵਨ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਪ੍ਰਦੂਸ਼ਣ ਦੀ ਸਮੱਸਿਆ ਦੇ ਕਈ ਕਾਰਨ ਹਨ; ਸਭ ਤੋਂ ਵੱਡਾ ਕਾਰਨ ਹੈ, ਵੱਧਦੀ ਹੋਈ ਅਬਾਦੀ ਅਤੇ ਉਸਦਾ ਸ਼ਹਿਰੀਕਰਨ। ਅੱਜ ਦੇ ਸਮੇਂ ਭਾਵੇਂ ਕਿ ਸਾਰੇ ਪ੍ਰਦੂਸ਼ਣ ਖ਼ਤਰਨਾਕ ਹਨ ਪਰ ਹਵਾ ਪ੍ਰਦੂਸ਼ਣ ਇਸ ਸਮੇਂ ਸਭ ਤੋਂ ਖ਼ਤਰਨਾਕ ਰੂਪ ਧਾਰਨ ਕਰ ਚੁੱਕਾ ਹੈ। ਫੈਕਟਰੀਆਂ ਦਾ ਧੂੰਆਂ, ਰਸਾਇਣਕ ਖਾਦਾਂ ਅਤੇ ਦਵਾਈਆਂ ਦੇ ਨਾਲ ਪੰਜਾਬ ਵਿਚ ਝੋਨੇ ਅਤੇ ਕਣਕ ਦਾ ਨਾੜ ਸਾੜਨ ਨਾਲ ਵੀ ਹਵਾ ਪ੍ਰਦੂਸ਼ਣ ਹੋ ਰਿਹਾ ਹੈ। ਜਲ ਪ੍ਰਦੂਸ਼ਣ ਵੀ ਇਕ ਮਾਰੂ ਪ੍ਰਦੂਸ਼ਣ ਹੈ। ਇਸ ਨਾਲ ਲੱਖਾਂ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਜ਼ਹਿਰੀਲੇ ਪਾਣੀ ਦੇ ਇਸਤੇਮਾਲ ਨਾਲ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਭੂਮੀ ਪ੍ਰਦੂਸ਼ਣ ਇੱਕ ਹੋਰ ਗੰਭੀਰ ਵਿਸ਼ਾ ਹੈ। ਉਦਯੋਗਿਕ ਫਾਲਤੂ ਪਦਾਰਥ, ਖੇਤੀ ਵਰਤੋਂ ਦੀਆਂ ਰਸਾਇਣਕ ਖਾਦਾਂ ਅਤੇ ਦਵਾਈਆਂ, ਨਿਊਕਲਰੀ ਰਿਐਕਟਰਾਂ ਦਾ ਰੇਡੀਓ ਐਕਟਿਵ ਕਚਰਾ ਇਸ ਸਮੇਂ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸ਼ੋਰ ਪ੍ਰਦੂਸਣ ਵੀ ਮਨੁੱਖਤਾ ਨੂੰ ਇਸ ਸਮੇ ਮਾਨਸਿਕ ਬਿਮਾਰੀਆਂ ਨਾਲ ਜਕੜ ਰਿਹਾ ਹੈ। ਆਓ ਸਾਰੇ ਰਲ ਕੇ ਇਹਨਾਂ ਗੰਭੀਰ ਮਸਲਿਆਂ 'ਤੇ ਵਿਚਾਰ ਕਰੀਏ ਤੇ ਇਹਨਾਂ ਤੋਂ ਨਜਿੱਠਣ ਦਾ ਯਤਨ ਕਰੀਏ।

**1. ਕਿਹੜੀ ਸਦੀ ਵਿੱਚ ਪ੍ਰਦੂਸ਼ਣ ਬਹੁਤ ਜਿਆਦਾ ਵੱਧ ਗਿਆ ਹੈ?**

ੳ. 20ਵੀਂ ਸਦੀ

ਅ. 21ਵੀਂ ਸਦੀ

ੲ. 20ਵੀਂ ਅਤੇ 21ਵੀਂ ਸਦੀ

ਸ. ਇਹਨਾਂ ਵਿੱਚੋਂ ਕੋਈ ਨਹੀਂ

**2. ਕਿਹੜੇ-ਕਿਹੜੇ ਪ੍ਰਦੂਸ਼ਣ ਨੇ ਮਨੁੱਖ ਨੂੰ ਪਰੇਸ਼ਾਨ ਕੀਤਾ ਹੈ?**

ੳ. ਹਵਾ ਅਤੇ ਪਾਣੀ ਪ੍ਰਦੂਸਣ

ਅ. ਭੂਮੀ ਅਤੇ ਸ਼ੋਰ ਪ੍ਰਦੂਸਣ

ੲ. ੳ ਅਤੇ ਅ ਦੋਵੇਂ

ਸ. ਕੋਈ ਨਹੀਂ

**3. ਹਵਾ ਕਿਵੇਂ ਪਰਦੂਸ਼ਿਤ ਹੋ ਰਹੀ ਹੈ?**

ੳ. ਰਸਾਇਣਕ ਖਾਦਾਂ ਅਤੇ ਦਵਾਈਆਂ ਨਾਲ

ਅ. ਫੈਕਟਰੀਆਂ ਦੇ ਧੂੰਏ ਨਾਲ

ੲ. ਗੱਡੀਆਂ ਦਾ ਧੂੰਆਂ

ਸ. ਉਪਰੋਕਤ ਸਾਰੇ

**4. ਭੂਮੀ ਪ੍ਰਦੂਸਣ ਦਾ ਮੁੱਖ ਕਾਰਨ ਕੀ ਹੈ?**

ੳ. ਉਦਯੋਗਿਕ ਫਾਲਤੂ ਪਦਾਰਥ ਨਾਲ

ਅ. ਵਰਤੋਂ ਦੀਆਂ ਰਸਾਇਣਕ ਖਾਦਾਂ ਅਤੇ ਦਵਾਈਆਂ

ੲ. ਨਿਊਕਲਰੀ ਰਿਐਕਟਰਾਂ ਦਾ ਰੇਡੀਓ ਐਕਟਿਵ ਕਚਰਾ

ਸ. ਉਪਰੋਕਤ ਸਾਰੇ

- **ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।(5 ਤੋਂ 7)**

ਪੁਰਾਤਨ ਕਾਲ ਤੋਂ ਹੀ ਲੋਕ-ਖੇਡਾਂ ਪੇਂਡੂ ਲੋਕਾਂ ਦੇ ਮਨੋਰੰਜਨ ਦਾ ਮੁੱਖ ਸਾਧਨ ਰਹੀਆਂ ਹਨ। ਇਹ ਹਰ ਪਿੰਡ ਦਾ ਵਿਸ਼ੇਸ਼ ਹਿੱਸਾ ਹੋਇਆ ਕਰਦੀਆਂ ਸਨ। ਇਹਨਾਂ ਦੇ ਪਿੜ ਪਿੰਡ ਦੀ ਜੂਹ ਵਿਚ ਆਥਣ ਸਮੇਂ ਜੁੜਿਆ ਕਰਦੇ ਸਨ। ਸਾਰੇ ਪਿੰਡ ਦੇ ਬੱਚਿਆਂ ਨੇ ਰਲ ਕੇ ਖੇਡਣਾ, ਕੋਈ ਜਾਤ-ਪਾਤ ਨਹੀਂ, ਉੱਚ-ਨੀਚ ਨਹੀਂ ਤੇ ਅਮੀਰੀ-ਗਰੀਬੀ ਦਾ ਪਾੜਾ ਨਹੀਂ।ਸਾਰੇ ਰਲ ਕੇ ਇਹਨਾਂ ਦਾ ਅਨੰਦ ਮਾਣਦੇ ਸਨ।ਭਾਈਚਾਰਕ ਸਾਂਝ ਇੰਨੀ ਸੀ ਕਿ ਸਾਰੇ ਪਿੰਡ ਨੇ ਰਲ ਕੇ ਖਿਡਾਰੀਆਂ ਦੀਆਂ ਖੁਰਾਕਾਂ ਦਾ ਪ੍ਰਬੰਧ ਕਰਨਾ। ਦੇਸੀ ਘਿਓ ਦੇ ਪੀਪਿਆਂ ਦੇ ਪੀਪੇ ਖਿਡਾਰੀਆਂ ਨੂੰ ਖਾਣ ਲਈ ਦਿੱਤੇ ਜਾਂਦੇ ਸਨ।ਇਹ ਗੱਭਰੂ ਵੀ ਤਾਂ ਸਾਰੇ ਪਿੰਡ ਦਾ ਮਾਣ ਹੋਇਆ ਕਰਦੇ ਸਨ। ਮੇਲਿਆਂ-ਮੁਸਾਹਵਿਆਂ 'ਤੇ ਕਿਸੇ ਨੇ ਪਹਿਲਵਾਨੀ ਵਿਚ ਪਿੰਡ ਦਾ ਨਾਮ ਚਮਕਾਉਣਾ, ਕਿਸੇ ਬੋਰੀ ਚੁੱਕਣ ਵਿਚ ਨਾਮ ਕੱਢਣਾ, ਕਿਸੇ ਮੁੰਗਲੀਆਂ ਫੇਰਨ ਵਿੱਚ ਬਾਜ਼ੀ ਜਿੱਤਣੀ। ਰੱਸਾ-ਕਸ਼ੀ ਤੇ ਕਬੱਡੀ ਦੀਆਂ ਟੀਮਾਂ ਨੇ ਪਿੰਡ ਨੂੰ ਪ੍ਰਸਿੱਧੀ ਦਿਵਾਉਣੀ। ਇਹ ਖਿਡਾਰੀ ਆਪਣੇ ਸਰੀਰਾਂ ਨੂੰ ਖੇਡਾਂ ਦੇ ਹਾਣ ਦਾ ਰੱਖਣ ਲਈ ਨਸ਼ਿਆਂ ਨੂੰ ਨੇੜੇ ਨਹੀਂ ਸਨ ਢੁੱਕਣ ਦਿੰਦੇ। ਸਮੁੱਚੇ ਪਿੰਡ ਦੀ ਸ਼ਾਨ ਲਈ ਰਲ ਕੇ

https://www.punjabboardonline.com

ਰਹਿੰਦੇ ਤੇ ਪਿਆਰ ਨਾਲ ਖੇਡਦੇ ਸਨ। ਚੰਗੀ ਖੇਡ ਖੇਡਣਾ ਹੀ ਉਹਨਾਂ ਦਾ ਮਨੋਰਥ ਹੋਇਆ ਕਰਦਾ ਸੀ। ਇਹ ਲੋਕ-ਖੇਡਾਂ ਹੀ ਸਨ ਜਿਹੜੀਆਂ ਪਿੰਡਾਂ ਦੇ ਨੌਜਵਾਨਾਂ ਨੂੰ ਆਹਰੇ ਲਾਈ ਰੱਖਦੀਆਂ ਸਨ ਅਤੇ ਕੁਰਾਹੇ ਪੈਣ ਤੋਂ ਰੋਕਦੀਆਂ ਸਨ।

**5. "ਰੱਸਾ-ਕਸ਼ੀ ਅਤੇ ਕਬੱਡੀ ਦੀਆਂ ਟੀਮਾਂ ਨੇ ਪਿੰਡ ਨੂੰ ਪ੍ਰਸਿੱਧੀ ਦਿਵਾਉਣੀ।" ਇਸ ਵਾਕ ਵਿੱਚ 'ਦਿਵਾਉਣੀ' ਸ਼ਬਦ ਕੀ ਹੈ?**

ੳ. ਨਾਂਵ | ਅ. ਕਿਰਿਆ

ੲ. ਵਿਸ਼ੇਸ਼ਣ | ਸ. ਕਿਰਿਆ ਵਿਸ਼ੇਸ਼ਣ

**6. 'ਗੱਭਰੂ' ਸ਼ਬਦ ਦਾ ਵਿਰੋਧੀ ਸ਼ਬਦ ਹੈ?**

ੳ. ਜਵਾਨ | ਅ. ਬਜ਼ੁਰਗ

ੲ. ਮੁਟਿਆਰ | ਸ. ਇਹਨਾਂ 'ਚੋਂ ਕੋਈ ਨਹੀਂ

**7. ਹੇਠ ਲਿਖੇ ਸ਼ਬਦਾਂ ਵਿੱਚ ਕਿਹੜਾ ਸ਼ਬਦ ਵਿਸ਼ੇਸ਼ਣ ਸ਼ਬਦ ਹੈ?**

ੳ. ਚੰਗੀ | ਅ. ਪ੍ਰਬੰਧ

ੲ. ਸਾਧਨ | ਸ. ਖ਼ੁਰਾਕ

**8. ਸਕੂਲ ਲਾਇਬ੍ਰੇਰੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਿਸ ਨੂੰ ਪੱਤਰ ਲਿਖੋਗੇ?**

ੳ. ਬੀ.ਡੀ.ਓ.ਪੀ. | ਅ. ਡੀ.ਸੀ.

ੲ. ਸਕੂਲ ਮੁਖੀ | ਸ. ਸਰਪੰਚ

**9. ਤੁਹਾਡਾ ਮਿੱਤਰ ਪੜ੍ਹਾਈ ਵਿੱਚ ਤਾਂ ਬਹੁਤ ਵਧੀਆ ਹੈ ਪਰ ਖੇਡਾਂ ਵਿੱਚ ਨਹੀਂ, ਤੁਸੀ ਆਪਣੇ ਮਿੱਤਰ ਨੂੰ ਕੀ ਸਲਾਹ ਦਿਓਗੇ?**

ੳ. ਸਿਰਫ ਪੜ੍ਹਾਈ ਵਿੱਚ ਭਾਗ ਲੈਣ ਲਈ | ਅ. ਸਿਰਫ ਖੇਡਾਂ ਵਿੱਚ ਭਾਗ ਲੈਣ ਲਈ

ੲ. ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈਣ ਲਈ | ਸ. ਕੋਈ ਸਲਾਹ ਨਹੀਂ ਦੇਵਾਂਗੇ

**10. ਮੁੱਖ ਅਧਿਆਪਕ ਨੂੰ ਬਿਨੈ-ਪੱਤਰ ਲਿਖਦੇ ਸਮੇਂ ਪੱਤਰ ਦੇ ਅੰਤ ਵਿੱਚ ਕੀ ਲਿਖਿਆ ਜਾਵੇਗਾ?**

ੳ. ਆਪ ਜੀ ਦਾ ਸ਼ੁੱਭਚਿੰਤਕ | ਅ. ਆਪ ਜੀ ਦਾ ਆਗਿਆਕਾਰੀ

ੲ. ਆਪ ਜੀ ਦਾ ਵਿਦਿਆਰਥੀ | ਸ. ਕੁਝ ਨਹੀਂ

**11. ਸੰਖੇਪ ਰਚਨਾ ਦਾ ਕੀ ਅਰਥ ਹੈ?**

**ੳ. ਰਚਨਾ ਨੂੰ ਵਿਸਥਾਰ ਨਾਲ ਲਿਖਣਾ | ਅ. ਰਚਨਾ ਨੂੰ ਹੂਬਹੂ ਲਿਖਣਾ**

**ੲ. ਰਚਨਾ ਨੂੰ ਸੰਖਿਪਤ ਕਰਨਾ | ਸ. ਰਚਨਾ ਨੂੰ ਦੁਹਰਾਉਣਾ**

**12. ਸੰਖੇਪ ਰਚਨਾ ਮੂਲ ਰਚਨਾ ਦਾ ਕਿੰਨਵਾਂ ਹਿੱਸਾ ਹੁੰਦੀ ਹੈ?**

ੳ. ਅੱਧਾ ਹਿੱਸਾ | ਅ. ਇੱਕ ਤਿਹਾਈ ਹਿੱਸਾ

ੲ. ਦੋ ਤਿਹਾਈ ਹਿੱਸਾ | ਸ. ਇੱਕ ਚੌਥਾਈ ਹਿੱਸਾ

**13. 'ਉੱਨੀ ਇੱਕੀ ਦਾ ਫ਼ਰਕ ਹੋਣਾ' ਮੁਹਾਵਰੇ ਦਾ ਅਰਥ ਦੱਸੋ।**

ੳ. ਬਹੁਤ ਥੋੜ੍ਹਾ ਫ਼ਰਕ ਹੋਣਾ | ਅ. ਸਿਰਫ ਦੋ ਅੰਕਾਂ ਦਾ ਫ਼ਰਕ

ੲ. ਬਹੁਤ ਜਿਆਦਾ ਫ਼ਰਕ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**14. 'ਆਟੇ ਵਿੱਚ ਲੂਣ ਹੋਣਾ' ਮੁਹਾਵਰੇ ਦਾ ਅਰਥ ਦੱਸੋ।**

ੳ. ਆਟੇ ਵਿੱਚ ਲੂਣ ਮਿਲਾ ਦੇਣਾ | ਅ. ਗਿਣਤੀ ਵਿੱਚ ਬਹੁਤ ਘੱਟ

ੲ. ਗਿਣਤੀ ਵਿੱਚ ਬਹੁਤ ਜਿਆਦਾ | ਸ. ਦੋ ਚੀਜ਼ਾਂ ਨੂੰ ਮਿਲਾ ਦੇਣਾ

**15. 'ਕੱਚਾ ਕਰਨਾ' ਮੁਹਾਵਰੇ ਦਾ ਅਰਥ ਦੱਸੋ।**

ੳ. ਪੂਰੀ ਤਰ੍ਹਾਂ ਪੱਕਣ ਨਾ ਦੇਣਾ | ਅ. ਸ਼ਰਮਸਾਰ ਕਰਨਾ

ੲ. ਖੋਰ ਦੇਣਾ | ਸ. ਉਪਰੋਕਤ ਵਿਚੋਂ ਕੋਈ ਨਹੀਂ

**16. ਮੁਹਾਵਰਾ ਪੂਰਾ ਕਰੋ- ਕੁੱਜੇ ਵਿੱਚ ......... ਬੰਦ ਕਰਨਾ।**

ੳ. ਲੱਸੀ | ਅ. ਦੁੱਧ

ੲ. ਸਮੁੰਦਰ | ਸ. ਸੱਪ

- **ਪੰਜਾਬੀ ਵਿਆਕਰਣ (ਪ੍ਰਸ਼ਨ 17 ਤੋਂ 25 ਤੱਕ)** **9×1=9**

**17. 'ਪੰਜ, ਦਸਵਾਂ, ਦੋਵੇਂ, ਚੌਗੁਣਾ' ਕਿਸ ਪ੍ਰਕਾਰ ਦੇ ਵਿਸ਼ੇਸ਼ਣ ਹਨ?**

**ੳ. ਗੁਣ-ਵਾਚਕ ਵਿਸ਼ੇਸ਼ਣ | ਅ. ਸੰਖਿਆ-ਵਾਚਕ ਵਿਸ਼ੇਸ਼ਣ**

**ੲ. ਨਿਸ਼ਚੇ-ਵਾਚਕ ਵਿਸ਼ੇਸ਼ਣ | ਸ. ਪੜਨਾਵੀਂ ਵਿਸ਼ੇਸ਼ਣ**

https://www.punjabboardonline.com

18. ਜਿਸ ਕਿਰਿਆ ਦੇ ਨਾਲ ਕਰਮ ਦੀ ਲੋੜ ਨਾ ਹੋਵੇ, ਉਸ ਨੂੰ ਕੀ ਕਹਿੰਦੇ ਹਨ?

ੳ. ਮੂਲ ਕਿਰਿਆ — ਅ. ਅਕਰਮਕ ਕਿਰਿਆ

ੲ. ਇਕਹਿਰੀ ਕਿਰਿਆ — ਸ. ਸਕਰਮਕ ਕਿਰਿਆ

19. ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਦੇ ਭਾਵ ਪ੍ਰਗਟ ਕਰਨ ਵਾਲੇ ਸ਼ਬਦਾਂ ਨੂੰ ਕੀ ਕਹਿੰਦੇ ਹਨ?

ੳ. ਵਿਸਮਿਕ — ਅ. ਸੰਬੰਧਕ

ੲ. ਯੋਜਕ — ਸ. ਕਾਰਕ

20. 'ਉਹ ਬੱਸ ਵਿੱਚ ਬੈਠੇ ਹਨ।' ਇਸ ਵਾਕ ਵਿੱਚ ਸੰਬੰਧਕ ਚੁਣੋ।

ੳ. ਬੱਸ — ਅ. ਵਿੱਚ

ੲ. ਬੈਠੇ — ਸ. ਉਹ

21. 'ਤੁਸੀਂ ਕਿੱਥੇ ਜਾਣਾ ਹੈ?' ਵਾਕ ਵਿੱਚ ਸਹਾਇਕ ਕਿਰਿਆ ਚੁਣੋ।

ੳ. ਤੁਸੀਂ — ਅ. ਕਿੱਥੇ

ੲ. ਜਾਣਾ — ਸ. ਹੈ

22. ਜਿਸ ਧੁਨੀ ਨੂੰ ਉਚਾਰਨ ਸਮੇਂ ਕੁਝ ਅਵਾਜ ਨੱਕ ਰਾਹੀਂ ਨਿਕਲਦੀ ਹੈ, ਉਸ ਧੁਨੀ ਦਾ ਨਾਂ ਦੱਸੋ?

ੳ. ਨਾਸਕੀ — ਅ. ਸਵਰ

ੲ. ਵਿਅੰਜਨ — ਸ. ਇਨਾਂ ਵਿੱਚੋਂ ਕੋਈ ਵੀ ਨਹੀਂ

23. ਪੰਜਾਬੀ ਭਾਸ਼ਾ ਨੂੰ ਠੀਕ ਢੰਗ ਨਾਲ ਕਿਹੜੀ ਲਿਪੀ ਵਿੱਚ ਲਿਖਿਆ ਜਾ ਸਕਦਾ ਹੈ?

ੳ. ਵਰਨਮਾਲਾ — ਅ. ਗੁਰਮੁਖੀ ਲਿਪੀ

ੲ. ਪੈਂਤੀ ਅੱਖਰੀ — ਸ. ਉਪਰੋਕਤ ਸਾਰੇ

24. ਗੁਰਮੁਖੀ ਦੇ ੳ, ਅ, ੲ, ਅੱਖਰ ਕਿਹੜੀਆਂ ਧੁਨੀਆਂ ਨੂੰ ਦਰਸਾਉਂਦੇ ਹਨ?

ੳ. ਲਗਾਂ — ਅ. ਵਿਅੰਜਨ

ੲ. ਸਵਰ — ਸ. ਗੁਰਮੁਖੀ ਲਿਪੀ

25. ਸਮਾਨ ਯੋਜਕ ਚੁਣੋ।

ੳ. ਕਿਉਂਕਿ, ਤਾਂ ਜੋ — ਅ. ਜੀਕੁਰ, ਜਿਵੇਂ

ੲ. ਇਸ ਕਾਰਨ, ਕਿ — ਸ. ਤੇ, ਅਤੇ

## ਭਾਗ-ੲ

- ਪੰਜਾਬੀ ਸ਼ਬਦ ਭੇਦ ਅਤੇ ਅਰਥ-ਬੋਧ (ਪ੍ਰਸ਼ਨ 26 ਤੋਂ 30 ਤੱਕ ) 5×1=5

26. 'ਜੋ ਵਿਅਕਤੀ ਧੋਖਾ ਦੇਵੇ ਅਤੇ ਔਖੇ ਵੇਲੇ ਸਾਥ ਛੱਡ ਦੇਵੇ, ਉਸ ਨੂੰ ਕੀ ਕਹਿੰਦੇ ਹਨ?

ੳ. ਕ੍ਰਿਤਗ — ਅ. ਅਕ੍ਰਿਤਘਣ

ੲ. ਗਦਾਰ — ਸ. ਸਿਆਣਾ

27. 'ਜਿਸਦਾ ਸੰਬੰਧ ਬਹੁਤੀਆਂ ਕੌਮਾਂ ਨਾਲ ਹੋਵੇ' ਉਸ ਨੂੰ ਕੀ ਕਹਿੰਦੇ ਹਨ?

ੳ. ਕੌਮੀ — ਅ. ਦੇਸੀ

ੲ. ਵਲੈਤੀ — ਸ. ਕੌਮਾਂਤਰੀ

28. 'ਬੇਹਾ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ?

ੳ. ਪੁਰਾਣਾ — ਅ. ਖਰਾਬ

ੲ. ਸੱਜਰਾ — ਸ. ਉਪਰੋਕਤ ਸਾਰੇ

29. 'ਸੋਗ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ?

ੳ. ਦੁੱਖ — ਅ. ਗਮੀ

ੲ. ਖ਼ੁਸ਼ੀ — ਸ. ਵਿਰਲਾਪ

30. 'ਗੁਪਤ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ?

ੳ. ਪ੍ਰਗਟਾ — ਅ. ਗੁੱਝਾ

ੲ. ਲੁਕਿਆ — ਸ. ਛਿੱਪਿਆ

https://www.punjabboardonline.com